# 2019 ਵਿੱਚ ਮੇਘਾਲਿਆ ਦੇ ਕਿਸਾਨਾਂ ਦੀ ਸਭ ਤੋਂ ਵੱਧ ਆਮਦਨ; ਪੰਜਾਬ, ਹਰਿਆਣਾ ਇਸ ਤੋਂ ਬਾਅਦ

1 ਜਨਵਰੀ ਤੋਂ 31 ਦਸੰਬਰ, 2019 ਦੀ ਮਿਆਦ ਦੇ ਦੌਰਾਨ ਰਾਸ਼ਟਰੀ ਅੰਕੜਾ ਦਫਤਰ (ਐਨ ਐਸ ਓ) ਵੱਲੋਂ ਕੀਤੇ ਗਏ ਸਰਵੇਖਣ ਅਨੁਸਾਰ ਭਾਰਤ ਵਿੱਚ ਮੇਘਾਲਿਆ ਦੇ ਖੇਤੀਬਾੜੀ ਪਰਿਵਾਰਾਂ ਦੀ ਔਸਤ ਮਹੀਨਾਵਾਰ ਆਮਦਨ ਸਭ ਤੋਂ ਵੱਧ ਦਰਜ ਕੀਤੀ ਗਈ। ਪੰਜਾਬ ਅਤੇ ਹਰਿਆਣਾ ਇਸ ਤੋਂ ਬਾਅਦ ਹਨ।

ਭਾਰਤ ਸਰਕਾਰ ਦੇ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੀ ਸਰਪ੍ਰਸਤੀ ਹੇਠ ਐਨ ਐਸ ਓ ਨੇ ਰਾਸ਼ਟਰੀ ਨਮੂਨਾ ਸਰਵੇਖਣ (ਐਨ ਐਸ ਐਸ) ਦੇ 77ਵੇਂ ਦੌਰ ਵਿੱਚ 'ਪੇਂਡੂ ਭਾਰਤ ਵਿੱਚ ਖੇਤੀਬਾੜੀ ਪਰਿਵਾਰਾਂ ਅਤੇ ਪਰਿਵਾਰਾਂ ਦੀ ਜ਼ਮੀਨ ਅਤੇ ਪਸ਼ੂਧਨ ਦੀ ਸਥਿਤੀ ਦਾ ਮੁਲਾਂਕਣ, 2019' ਦੇ ਲਈ ਸਰਵੇਖਣ ਕੀਤਾ।

ਸਰਵੇਖਣ ਦੀਆਂ ਖੋਜਾਂ 10 ਸਤੰਬਰ ਨੂੰ ਜਾਰੀ ਕੀਤੀਆਂ ਗਈਆਂ। ਸਰਵੇਖਣ ਵਿੱਚ ਖੇਤੀਬਾੜੀ ਸਾਲ ਜੁਲਾਈ 2018-ਜੂਨ 2019 ਦੇ ਦੋ ਹਿੱਸਿਆਂ ਲਈ ਵੱਖਰੇ ਤੌਰ 'ਤੇ ਫ਼ਸਲਾਂ ਦੇ ਉਤਪਾਦਨ, ਪਸ਼ੂਪਾਲਣ ਅਤੇ ਗੈਰ-ਖੇਤੀ ਕਾਰੋਬਾਰਾਂ ਨਾਲ ਜੁੜੀ ਆਮਦਨ ਅਤੇ ਖਰਚਿਆਂ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ। ਰੁਜ਼ਗਾਰ ਤੋਂ ਆਮਦਨ ਅਤੇ ਜ਼ਮੀਨ ਨੂੰ ਠੇਕੇ 'ਤੇ ਦੇਣ ਤੋਂ ਆਮਦਨ ਨੂੰ ਵੀ ਉਸੇ ਸਮੇਂ ਲਈ ਦਰਜ ਕੀਤਾ ਗਿਆ ਸੀ।

ਇਸ ਜਾਣਕਾਰੀ ਦੇ ਅਧਾਰ 'ਤੇ, ਖੇਤੀਬਾੜੀ ਸਾਲ ਜੁਲਾਈ 2018-ਜੂਨ 2019 ਦੇ ਲਈ ਔਸਤ ਮਹੀਨਾਵਾਰ ਆਮਦਨ ਕੱਢੀ ਗਈ, ਜਿਸ ਵਿੱਚ ਰੁਜ਼ਗਾਰ ਤੋਂ ਆਮਦਨ, ਜ਼ਮੀਨ ਦੇ

ਠੇਕੇ ਦੀ ਆਮਦਨ, ਫ਼ਸਲਾਂ ਦੀ ਪੈਦਾਵਾਰ ਦੀ ਆਮਦਨ, ਪਸ਼ੂਪਾਲਣ ਦੀ ਆਮਦਨ ਅਤੇ ਗੈਰ-ਖੇਤੀ ਕਾਰੋਬਾਰਾਂ ਦੀ ਆਮਦਨ ਨੂੰ ਜੋੜਿਆ ਗਿਆ ਹੈ। ਆਮਦਨ ਦੇ ਹਰੇਕ ਸਰੋਤ ਲਈ ਕੁੱਲ ਪ੍ਰਾਪਤੀਆਂ ਵਿੱਚੋਂ ਕੁੱਲ ਖਰਚਿਆਂ ਨੂੰ ਘਟਾ ਕੇ ਸ਼ੁੱਧ ਆਮਦਨ ਤਿਆਰ ਕੀਤੀ ਗਈ ਹੈ।

ਸਰਵੇਖਣ ਦੇ ਅਨੁਸਾਰ, ਮੇਘਾਲਿਆ ਵਿੱਚ ਪ੍ਰਤੀ ਖੇਤੀਬਾੜੀ ਪਰਿਵਾਰ ਔਸਤ ਮਹੀਨਾਵਾਰ ਆਮਦਨ 29,348 ਰੁਪਏ ਦਰਜ ਕੀਤੀ ਗਈ ਹੈ, ਜਿਸ ਵਿੱਚ ਮਜ਼ਦੂਰੀ/ਤਨਖਾਹ ਤੋਂ 6,936 ਰੁਪਏ, ਜ਼ਮੀਨ ਤੋਂ ਠੇਕੇ ਤੋਂ 106 ਰੁਪਏ, ਫ਼ਸਲ ਉਤਪਾਦਨ ਤੋਂ 21,060 ਰੁਪਏ, ਪਸ਼ੂਪਾਲਣ ਤੋਂ 842 ਰੁਪਏ ਅਤੇ ਗੈਰ-ਖੇਤੀ ਕਾਰੋਬਾਰ ਤੋਂ 404 ਰੁਪਏ ਸ਼ਾਮਲ ਹਨ।

ਇਸ ਸਮੇਂ ਦੌਰਾਨ ਪੰਜਾਬ ਵਿੱਚ ਪ੍ਰਤੀ ਖੇਤੀਬਾੜੀ ਪਰਿਵਾਰ ਔਸਤ ਮਹੀਨਾਵਾਰ ਆਮਦਨ 26,701 ਰੁਪਏ ਹੈ, ਜਿਸ ਵਿੱਚ ਰੁਜ਼ਗਾਰ ਤੋਂ 5,981 ਰੁਪਏ, ਜ਼ਮੀਨ ਦੇ ਠੇਕੇ ਤੋਂ 2,652 ਰੁਪਏ, ਫ਼ਸਲ ਦੀ ਪੈਦਾਵਾਰ ਤੋਂ 12,591 ਰੁਪਏ, ਪਸ਼ੂਪਾਲਣ ਤੋਂ 4,457 ਰੁਪਏ ਅਤੇ ਗੈਰ-ਖੇਤੀ ਕਾਰੋਬਾਰ ਤੋਂ 1,014 ਰੁਪਏ ਸ਼ਾਮਲ ਹਨ।

ਹਰਿਆਣਾ ਦੀ ਪ੍ਰਤੀ ਖੇਤੀਬਾੜੀ ਪਰਿਵਾਰ ਔਸਤ ਮਹੀਨਾਵਾਰ ਆਮਦਨ 22,841 ਰੁਪਏ ਹੈ, ਜਿਸ ਵਿੱਚ ਰੁਜ਼ਗਾਰ ਤੋਂ 7,861 ਰੁਪਏ, ਜ਼ਮੀਨ ਦੇ ਠੇਕੇ ਤੋਂ 621 ਰੁਪਏ, ਫ਼ਸਲ ਉਤਪਾਦਨ ਤੋਂ 9,092 ਰੁਪਏ, ਪਸ਼ੂਪਾਲਣ ਤੋਂ 4,020 ਰੁਪਏ ਅਤੇ ਗੈਰ-ਖੇਤੀ ਕਾਰੋਬਾਰ ਤੋਂ 1,249 ਰੁਪਏ ਸ਼ਾਮਲ ਹਨ।

ਪ੍ਰਤੀ ਖੇਤੀਬਾੜੀ ਪਰਿਵਾਰ ਸਭ ਤੋਂ ਵੱਧ ਔਸਤ ਮਹੀਨਾਵਾਰ ਆਮਦਨ ਵਾਲੇ ਚੋਟੀ ਦੇ ਪੰਜ ਰਾਜਾਂ ਵਿੱਚ ਹੋਰ ਦੋ ਰਾਜ ਅਰੁਣਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਸ਼ਾਮਲ ਹਨ ਜਿਨ੍ਹਾਂ ਦੀ ਆਮਦਨ ਕ੍ਰਮਵਾਰ 19,225 ਰੁਪਏ ਅਤੇ 18,918 ਰੁਪਏ ਹੈ।

ਕੁੱਲ ਭਾਰਤ ਔਸਤ ਮਹੀਨਾਵਾਰ ਆਮਦਨ ਪ੍ਰਤੀ ਖੇਤੀਬਾੜੀ ਪਰਿਵਾਰ 10,218 ਰੁਪਏ ਹੈ, ਜਿਸ ਵਿੱਚ ਰੁਜ਼ਗਾਰ ਤੋਂ 4,063 ਰੁਪਏ, ਜ਼ਮੀਨ ਦੇ ਠੇਕੇ ਤੋਂ 134 ਰੁਪਏ, ਫ਼ਸਲ ਉਤਪਾਦਨ ਤੋਂ 3,798 ਰੁਪਏ, ਪਸ਼ੂਪਾਲਣ ਤੋਂ 1,582 ਰੁਪਏ ਅਤੇ ਗੈਰ-ਖੇਤੀ ਕਾਰੋਬਾਰ ਤੋਂ 641 ਰੁਪਏ ਸ਼ਾਮਲ ਹਨ।

ਪ੍ਰਤੀ ਖੇਤੀਬਾੜੀ ਪਰਿਵਾਰ ਸਭ ਤੋਂ ਘੱਟ ਔਸਤ ਮਹੀਨਾਵਾਰ ਆਮਦਨ ਵਾਲੇ ਪੰਜ ਰਾਜ ਹਨ ਝਾਰਖੰਡ (4,895 ਰੁਪਏ), ਉੜੀਸਾ (5,112 ਰੁਪਏ), ਪੱਛਮੀ ਬੰਗਾਲ (6,762 ਰੁਪਏ), ਬਿਹਾਰ (7,542 ਰੁਪਏ) ਅਤੇ ਉੱਤਰ ਪ੍ਰਦੇਸ਼ (8,061 ਰੁਪਏ)।